17.10.99
24.10.99

## ਵਿਚਾਰ ਚਰਚਾ

# ਮਾਨਵੀ ਸੋਚ ਲਈ ਫਲਸਫ਼ੇ ਤੇ ਸਾਹਿਤ ਦੀ ਭੂਮਿਕਾ

**ਗੁਰਸ਼ਰਨ ਸਿੰਘ**

24-10-1999

ਇਸ ਵੇਲੇ ਸਮਾਜ ਦੀ ਜੋ ਹਾਲਤ ਹੈ, ਇਸ ਵਿਚ ਮਨੁੱਖ ਦੀਆਂ ਇਖ਼ਲਾਕੀ ਕਦਰਾਂ-ਕੀਮਤਾਂ ਦਾ ਇਕ ਸੰਕਟ ਨਜ਼ਰ ਆਉਂਦਾ ਹੈ। ਮਨੁੱਖ ਦੀਆਂ ਚੰਗੀਆਂ ਕਦਰਾਂ-ਕੀਮਤਾਂ, ਜਿਸ ਤਰ੍ਹਾਂ ਸਚਾਈ, ਇਮਾਨਦਾਰੀ, ਕਹਿਣੀ ਤੇ ਕਰਨੀ ਦੀ ਇਕਸਾਰਤਾ, ਸੁਆਰਥੀ ਨਾ ਹੋਣਾ, ਦੂਜਿਆਂ ਦੇ ਕੰਮ ਆਉਣਾ, ਦੂਜਿਆਂ ਦੀ ਪੀੜ ਨੂੰ ਮਹਿਸੂਸ ਕਰਨਾ ਆਦਿਕ ਵਿਚ ਇਕ ਨਿਘਾਰ ਆ ਰਿਹਾ ਹੈ। ਇਹ ਸਾਫ਼ ਹੈ ਕਿ ਇਸ ਸਾਰੇ ਅਮਲ ਵਿਚ ਖਪਤ ਸਭਿਆਚਾਰ ਦਾ ਵੱਡਾ ਹਿੱਸਾ ਹੈ ਜਾਂ ਇਹ ਕਹਿ ਲਵੋ ਕਿ ਸਮਾਜ ਦੀਆਂ ਜੋ ਬਾਹਰਮੁਖੀ (ਓਬਜੇਕਟਿਵ) ਹਾਲਤਾਂ ਹਨ, ਉਹਨਾਂ ਦਾ ਅਸਰ ਹੌਲੇ-ਹੌਲੇ ਪੈ ਰਿਹਾ ਹੈ ਤੇ ਮਨੁੱਖ ਦੀ ਅੰਦਰਮੁਖੀ (ਸਬਜੈਕਟਿਵ) ਸੋਚ ਵਿਚ ਤਬਦੀਲੀ ਆ ਰਹੀ ਹੈ। ਚਿੰਤਕਾਂ ਨੂੰ ਇਹਦੇ ਬਾਰੇ ਫ਼ਿਕਰ ਹੋਣਾ ਜ਼ਰੂਰੀ ਹੈ। ਬਾਹਰਮੁਖੀ ਹਾਲਤਾਂ ਨੂੰ ਬਦਲਣ ਲਈ ਸੰਘਰਸ਼ ਵਿੱਢਣੇ ਹੀ ਵਿੱਢਣੇ ਹਨ। ਸਮਾਜਿਕ ਬਰਾਬਰੀ ਅੱਜ ਦੇ ਯੁੱਗ ਦੇ ਮਨੁੱਖ ਦਾ ਟੀਚਾ ਹੈ। ਇਸ ਸੰਘਰਸ਼ ਲਈ ਜਿੱਥੇ ਗਿਆਨ ਅਤੇ ਵਿਗਿਆਨਿਕ ਸੂਝ ਇਕ ਹਥਿਆਰ ਹਨ, ਉੱਥੇ ਸੰਘਰਸ਼ਸ਼ੀਲ ਲੋਕਾਂ ਦੀ ਅੰਦਰਮੁਖੀ ਸੋਚ ਵਿਚ ਇਰਾਦਾ ਅਤੇ ਵਿਸ਼ਵਾਸ ਵੀ ਜ਼ਰੂਰੀ ਹਨ। ਇਹਦੇ ਲਈ ਅੱਗੋਂ ਫਲਸਫ਼ੇ ਅਤੇ ਸਾਹਿਤ ਦੀ ਵੱਡੀ ਭੂਮਿਕਾ ਹੈ।

ਸਾਹਿਤ ਅਤੇ ਸਮਾਜ ਦੇ ਆਪਸੀ ਰਿਸ਼ਤੇ ਦੇ ਸਬੰਧ ਵਿਚ 23-24 ਅਕਤੂਬਰ ਨੂੰ ਚੰਡੀਗੜ੍ਹ ਵਿਚ ਕਿਸਾਨ ਭਵਨ ਵਿਚ ਕੁਝ ਵਚਨਬੱਧ ਲੇਖਕ ਇਕੱਠੇ ਹੋ ਰਹੇ ਹਨ ਤਾਂ ਜੋ ਇਕ ਸੰਵਾਦ ਰਚਾਇਆ ਜਾ ਸਕੇ ਕਿ ਉਹਨਾਂ ਨੇ ਜਥੇਬੰਦ ਹੋ ਕੇ ਇਕ ਸਮਾਜਿਕ ਇਨਸਾਫ਼ ਅਤੇ ਸਮਾਜਿਕ ਬਰਾਬਰੀ ਵਾਲੇ ਸਮਾਜ ਬਣਾਉਣ ਵਿਚ ਆਪਣੀ ਭੂਮਿਕਾ ਕਿਸ ਤਰ੍ਹਾਂ ਨਿਭਾਉਣੀ ਹੈ? ਇਸ ਸੰਘਰਸ਼ ਲਈ ਵਿਸ਼ਵਾਸ ਅਤੇ ਇਰਾਦਾ ਵੱਡੇ ਹਥਿਆਰ ਹਨ। ਸਾਹਿਤਕਾਰਾਂ ਨੇ ਇਹ ਵਿਸ਼ਵਾਸ ਤੇ ਇਰਾਦਾ ਮਨੁੱਖ ਨੂੰ ਦੇਣਾ ਹੈ। ਇਹ ਨੋਟ ਇਸੇ ਸਬੰਧ ਵਿਚ ਹੈ ਪੰਜਾਬ ਦੇ ਇਤਿਹਾਸ ਵਿਚ ਇਸ ਸੰਦਰਭ ਵਿਚ ਮਿਸਾਲਾਂ ਹਨ ਜਦੋਂ ਸਾਹਿਤਕਾਰਾਂ ਨੇ ਆਪਣੀ ਭੂਮਿਕਾ ਨਿਭਾਈ ਹੈ।

• ਦੇਹ ਸ਼ਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨਾ ਟਰੋਂ

ਗੁਰੂ ਗੋਬਿੰਦ ਸਿੰਘ—ਸਵੈਯਾ

• ਸੂਰਾ ਸੋ ਪਹਿਚਾਨੀਐ
ਜੋ ਲਰੈ ਦੀਨ ਕੇ ਹੇਤ
ਪੁਰਜਾ-ਪੁਰਜਾ ਕਟ ਮਰੈ
ਕਬਹੂੰ ਨਾ ਛਾਡੈ ਖੇਤ

ਸ਼ਲੋਕ ਕਬੀਰ

• ਜੇ ਜੰਗਲ ਨੂੰ ਬਚਾਉਣਾ ਹੈ
ਘਟਾਵਾਂ ਦੀ ਸ਼ਕਲ ਧਾਰੋ
ਬਿਰਛ ਫੁੱਟਣ, ਮਰੇ ਬਦਬੂ
ਮਿਟਣ ਸਭ ਖੂਨ ਦੇ ਛਿੱਟੇ
ਪੰਜਾਬ ਦੇ ਸੰਤਾਪ ਬਾਰੇ ਜਗਤਾਰ
ਦੀ ਕਵਿਤਾ 'ਪਰਿੰਦੇ ਜਾਣ ਹੁਣ ਕਿੱਥੇ'?

• ਯੁੱਧ ਤਾਂ ਲੜਨਾ ਹੀ ਪੈਣਾ ਹੈ ਗੁਰੂ
ਕਬੀਰ ਦੀ ਖੱਡੀ ਅਤੇ
ਨਾਮਦੇਵ ਦੇ ਕੁੜਤੇ ਵਰਗਾ
ਰਵਿਦਾਸ ਦੀ ਜੁੱਤੀ ਅਤੇ
ਲਾਲੋ ਦੇ ਹਥੌੜੇ ਵਰਗਾ
.........
ਮਾਂ ਦੀ ਲੋਰੀ ਦੇ ਸਦਾ ਬਹਾਰ ਸੰਗੀਤ
ਵਰਗਾ, ਸਜ ਵਿਆਹੀ ਮੁਟਿਆਰ ਦੀਆਂ
ਸਦਾ ਸੁਹਾਗਣ ਚੂੜੀਆਂ ਵਰਗਾ
.............
ਮੇਰੀ ਸ਼ਮਸ਼ੀਰ ਨੂੰ ਮੱਤ ਪੱਤ ਬਖ਼ਸ਼ੀ ਗੁਰੂ
ਕਿ ਸਿਰ ਦੀ ਟੋਪੀ ਨਹੀਂ
ਜ਼ੁਲਮ ਦਤ ਤਾੜ ਵੇਖਕੇ
ਰਣ ਵਿਚ ਜੂਝਦੀ ਸ਼ਹੀਦ ਹੋ ਜਾਵੇ
ਯੁੱਧ ਤਾਂ ਲੜਨਾ ਹੀ ਪੈਣਾ ਹੈ ਗੁਰੂ

ਸੁਰਿੰਦਰ ਧੰਜਲ

• ਸਿੱਦਕ ਸਾਡੇ ਨੇ ਕਦੇ ਮਰਨਾ ਨਹੀਂ
ਸੱਚ ਦੇ ਸੰਗਰਾਮ ਨੇ ਹਰਨਾ ਨਹੀਂ
ਪੈਰ ਸੂਲ੍ਹਾਂ ਤੇ ਵੀ ਨਚਦੇ ਰਹਿਣਗੇ
ਬੁੱਤ ਬਣਕੇ ਪੀੜ ਨੂੰ ਜਰਨਾ ਨਹੀਂ
ਆਉਣ ਵਾਲਾ ਕੱਲ੍ਹ ਸਾਡਾ ਦੋਸਤੋ
ਹਿੰਮਤ ਅੱਗੇ ਜਬਰ ਨੇ ਖੜ੍ਹਨਾ ਨਹੀਂ

ਜੈਮਲ ਸਿੰਘ ਪੱਡਾ

• ਮੈਂ ਨਹੀਂ ਕਹਿੰਦਾ ਕਿ ਪੈਰੀਂ
ਝਾਂਜਰਾ ਨਾ ਪਾ, ਮਗਰ
ਵੇਚ ਕੇ ਪੈਰਾਂ ਨੂੰ ਪੈਰੀ
ਝਾਂਜਰਾ ਪਾਇਆ ਨਾਂ ਕਰ

• ਮੈਂ ਯੁੱਗ ਸਿਰਜਾਂਗਾ
ਜਿਥੇ ਬਿਰਛ ਬਿਰਛ ਹੋਣ
ਨਾ ਉਹ ਬਾਹਮਣ ਹੋਣ ਨਾ ਹਰੀਜਨ
ਜਿਨ੍ਹਾਂ ਦਾ ਕੰਮ ਹੋਵੇ ਸਿਰਫ਼
ਛਾਂ ਦੇਣਾ ਤੇ ਫਲ ਦੇਣਾ
ਮੈਂ ਯੁੱਗ ਸਿਰਜਾਂਗਾ

ਸੰਤੋਖ ਸਿੰਘ ਧੀਰ

• ਨਵੀਂ ਸਦੀ ਆਉਣੀ ਹੀ ਆਉਣੀ
ਇਹਦੀ ਖਾਤਰ.....
ਕਿ ਕਿੱਲ੍ਹਣ ਦੀ ਕੀ ਲੋੜ ਪਈ?
ਸਾਨੂੰ ਤਾਂ ਇਹੋ ਦੱਸੋ!
ਕਿ ਸੱਜਣਾਂ ਦੇ ਸੁੱਚੇ ਵਿਹੜੇ
ਅਸੀਂ ਸਰੋਵਰ ਨਹਾ ਕੇ ਜਾਣਾ ਏ
ਚਿੱਟੇ ਕਪੜੇ ਪਾ ਕੇ ਜਾਣਾ ਏ
ਜਾਂ ਇਵੇਂ ਹੀ....
ਪਹਿਣਨ ਲਈ ਉੱਜਲੇ ਕਪੜੇ
ਜੇ ਉਹਨਾਂ ਮੰਗਿਆ ਨਾ ਦਿੱਤੇ
ਇਹ ਸੰਤਾਪ ਕਿਵੇਂ ਜਰਨਾ ਏ
ਆਪਣਾ ਪਾਣੀ
ਆਪਣੇ ਕੱਪੜੇ
ਅਸੀਂ ਲੈਣ ਲਈ ਕੀ ਕਰਨਾ ਹੈ

ਹਰਭਜਨ ਸਿੰਘ ਕੋਮਲ

• ਪਰ ਕਿੰਨ੍ਹਾਂ ਕੁ ਚਿਰ ਹੋਰ
ਵੀਰ ਅਰਜੁਣ ਹੁੰਦੇ ਰਹਿਣਗੇ ਪੈਦਾ
ਪਹਿਨਕੇ ਰਾਜ ਘਰਾਣੇ
ਵਾਲੇ ਬਾਪ ਦਾ ਨਾਂ
ਤੇ ਵਰਕੇ ਲੈ ਜਾਂਦੇ ਰਹਿਣਗੇ
ਸਮੇਂ ਦੀ ਦਰੋਪਤੀ ਨੂੰ
ਕਿਉਂਕਿ
ਯੋਧੇ ਕਰਨ ਨੂੰ
ਸੁਅੰਬਰ 'ਚੋਂ ਤਾਂ ਕੀਤਾ ਜਾ ਸਕਦੇ
ਬੇਬਾਪ ਆਖਕੇ ਬੇਦਖ਼ਲ
ਪਰ— ਕੁਰੂਕਸ਼ੇਤਰ ਭੂਮੀ 'ਚੋਂ ਨਹੀਂ

ਜਗਰੂਪ ਸਿੰਘ ਰੂਪ

• ਸ਼ਹਿਰ ਜੋ ਸਹਿੰਦਾ ਰਿਹਾ
ਉਹ ਤਾਂ ਤੁਸੀਂ ਲਿਖਿਆ ਨਾ ਸੀ
ਜੋ ਤੁਸੀਂ ਲਿਖਦੇ ਰਹੇ
ਉਹ ਸ਼ਹਿਰ ਵਿਚ ਹੋਇਆ ਨਾ ਸੀ

ਗੁਰਤੇਜ ਕੁਹਾਰ ਵਾਲਾ

• ਅਸੀਂ ਲੜਾਂਗੇ ਸਾਥੀ
ਉਦਾਸ ਮੌਸਮ ਲਈ
ਅਸੀਂ ਲੜਾਂਗੇ ਸਾਥੀ
ਗੁਲਾਮ ਸੱਧਰਾਂ ਲਈ.....
ਅਸੀਂ ਲੜਾਂਗੇ
ਕਿ ਲੜਣ ਬਾਝੋਂ ਕੁੱਝ ਵੀ ਨਹੀਂ ਮਿਲਦਾ
ਅਸੀਂ ਲੜਾਂਗੇ
ਕਿ ਗਲੇ ਤੱਕ ਲੜੇ ਕਿਉਂ ਨਹੀਂ
ਅਸੀਂ ਲੜਾਂਗੇ
ਆਪਣੀ ਸਜ਼ਾ ਕਬੂਲਣ ਲਈ
ਲੜ ਕੇ ਮਰ ਚੁੱਕਿਆਂ ਦੀ ਯਾਦ
ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ ਸਾਥੀ......

ਪਾਸ਼

ਹਵਾ ਦੇ ਰੁਖ਼ ਬਦਲਣ 'ਤੇ
ਬੜੇ ਨੱਚੇ, ਬੜੇ ਟੱਪੇ
ਜਿਨ੍ਹਾਂ ਦੇ ਸ਼ਾਮਿਆਨੇ ਡੋਲ ਚੁੱਕੇ ਸਨ
ਉਨ੍ਹਾਂ ਐਲਾਨ ਕਰ ਦਿੱਤਾ
ਕਿ ਰੁੱਖ ਹੁਣ ਸ਼ਾਂਤ ਹੋ ਗਏ ਹਨ
ਕਿ ਹੁਣ ਤੂਫ਼ਾਨ ਦਾ ਦਮ
ਟੁੱਟ ਚੁੱਕਿਆ ਹੈ....
ਜਿਵੇਂ ਕਿ ਜਾਣਦੇ ਨਾ ਹੋਣ
ਐਲਾਨਾਂ ਦਾ ਤੂਫਾਨਾਂ ਉੱਤੇ
ਕੋਈ ਅਸਰ ਨਹੀਂ ਹੁੰਦਾ
ਤੂਫਾਨਾਂ ਦੀ ਵਜ੍ਹਾ ਰੁੱਖ ਹੀ ਨਹੀਂ ਹੁੰਦੇ
ਸਗੋਂ ਉਹ ਹੁੱਟ ਹੁੰਦਾ ਹੈ
ਜਿਹੜਾ ਧਰਤੀ ਦਾ ਮੁਖੜਾ ਰੋਲ ਦਿੰਦਾ ਹੈ
ਸੁਣੋਂ ਓ ਭਰਮ ਦੇ ਪੁੱਤੋ
ਹਵਾ ਨੇ ਦਿਸ਼ਾ ਬਦਲੀ ਹੈ
ਹਵਾ ਬੰਦ ਹੋ ਨਹੀਂ ਸਕਦੀ
ਜਦੋਂ ਤੱਕ ਧਰਤ ਦਾ ਮੁਖੜਾ
ਟਹਿਕ ਗੁਲਜ਼ਾਰ ਨਹੀਂ ਹੁੰਦਾ
ਤੁਹਾਡੇ ਸ਼ਾਮਿਆਨੇ ਅੱਜ ਵੀ ਡਿੱਗੇ
ਭਲਕ ਵੀ ਡਿੱਗੇ
ਹਵਾ ਏਸੇ ਦਿਸ਼ਾ 'ਤੇ ਫੇਰ ਵਗਣੀ ਹੈ
ਤੂਫਾਨਾਂ ਨੇ ਕਦੀ ਵੀ ਮਾਤ ਨਹੀਂ ਖਾਣੀ

ਪਾਸ਼

ਲੋਕ ਸੰਘਰਸ਼ ਵਿਚ ਸਾਹਿਤ ਦੀ ਬੜੀ ਵੱਡੀ ਭੂਮਿਕਾ ਹੈ। ਸੰਘਰਸ਼ਸ਼ੀਲ ਲੋਕਾਂ ਲਈ ਵਿਸ਼ਵਾਸ ਅਤੇ ਇਰਾਦਾ ਇਕ ਵੱਡਾ ਹਥਿਆਰ ਹੈ। ਇਸ ਹਥਿਆਰ ਨਾਲ ਯੋਧਿਆਂ ਨੂੰ ਲੈਸ ਕਰਨਾ ਜ਼ਰੂਰੀ ਹੈ। ਇਹ ਸਾਹਿਤ ਦੀ ਭੂਮਿਕਾ ਹੈ ਇਹ ਸਮੇਂ ਦੀ ਲੋੜ ਹੈ।

• • •

ਨਾ ਉਹ ਬਾਹਮਣ ਹੋਣ ਨਾ ਹਰੀਜਨ
ਉਹਨਾਂ ਦਾ ਕੰਮ ਹੋਵੇ ਸਿਰਫ
ਛਾਂ ਦੇਣਾ ਤੇ ਫਲ ਦੇਣਾ
ਮੈਂ ਯੁੱਗ ਸਿਰਜਾਂਗਾ
—ਧੀਰ